# ਦਫਤਰ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ), ਬਠਿੰਡਾ

ਵੱਲ

ਸਮੂਹ ਸਕੂਲ ਮੁਖੀ,
ਸਸਸਸ/ਸਹਸ/ਸਮਸ,
ਜਿਲ੍ਹਾ ਬਠਿੰਡਾ।

ਪੱਤਰ ਨੰ: ਜੀ-4/1( )2023/ਆਰ ਟੀ ਆਈ/ 47
ਮਿਤੀ: 1/1/24

ਵਿਸ਼ਾ: ਆਰ ਟੀ ਆਈ ਐਕਟ 2005 ਅਧੀਨ ਸੂਚਨਾ ਦੇਣ ਸੰਬਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸ੍ਰੀ ਬਿੱਕਰ ਸਿੰਘ ਆਹਲੂਵਾਲੀਆ, ਵਕੀਲ ਪੁੱਤਰ ਸ੍ਰੀ ਸੋਹਨ ਸਿੰਘ ਚੈਬਰ ਨੰ.618, ਪਹਿਲੀ ਮੰਜਿਲ ਬੀ-ਬਲਾਕ, ਜਿਲ੍ਹਾ ਕਚਹਿਰੀ,ਬਠਿੰਡਾ (ਮੋ.ਨੰ.98760-47729) ਨੇ ਆਰ.ਟੀ.ਆਈ ਐਕਟ 2005 ਅਧੀਨ ਸੂਚਨਾ ਮੰਗੀ ਮੰਗੀ ਗਈ ਸੂਚਨਾ ਆਪ ਦੇ ਸਕੂਲ ਨਾਲ ਸਬੰਧਤ ਹੈ, ਮੰਗੀ ਗਈ ਸੂਚਨਾ ਦਾ ਵੇਰਵਾ ਨੱਥੀ ਕਰਕੇ ਆਪ ਨੂੰ ਲਿਖਿਆ ਜਾਂਦਾ ਹੈ ਕਿ ਇਹ ਸੂਚਨਾ ਨਿਯਮਾਂ/ਹਦਾਇਤਾਂ ਅਨੁਸਾਰ ਨਿਸਚਿਤ ਸਮੇਂ ਦੇ ਅੰਦਰ ਅੰਦਰ ਬਿਨੈਕਾਰ ਅਤੇ ਇਸ ਦਫਤਰ ਦੇ ਡੀਲਿੰਗ ਹੈਂਡ ਨੂੰ ਮੁਹੱਈਆ ਕਰਵਾਈ ਜਾਵੇ। ਇਸ ਲਈ ਪ੍ਰਾਪਤ ਹੋਈ ਦਰਖਾਸਤ ਦੀ ਕਾਪੀ ਆਰ.ਟੀ.ਆਈ ਐਕਟ ਦੀ ਧਾਰਾ 6(3)(1) ਅਧੀਨ ਆਪ ਨੂੰ ਟਰਾਂਸਫਰ ਕਰਦੇ ਹੋਏ ਲਿਖਿਆ ਜਾਂਦਾ ਹੈ ਕਿ ਆਪ ਦੇ ਸਕੂਲ ਨਾਲ ਸਬੰਧਤ ਸੂਚਨਾ ਪ੍ਰਾਰਥੀ ਨੂੰ ਸਿੱਧੇ ਤੌਰ ਤੇ ਸਪਲਾਈ ਕਰਦੇ ਹੋਏ ਇਸ ਦਫਤਰ ਨੂੰ ਵੀ ਸੂਚਿਤ ਕੀਤਾ ਜਾਵੇ। ਜੇਕਰ ਰਿਪੋਰਟ ਨਿੱਲ ਹੈ ਤਾਂ ਨਿਲ ਸੂਚਨਾ ਵੀ ਭੇਜੀ ਜਾਵੇ। ਇਸ ਵਿੱਚ ਕਿਸੇ ਕਿਸਮ ਦੀ ਅਣਗਹਿਲੀ ਨਾ ਵਰਤੀ ਜਾਵੇ। ਦੇਰੀ ਨਾਲ ਸੂਚਨਾ ਭੇਜਣ ਦੀ ਜਿੰਮੇਵਾਰੀ ਆਪ ਦੀ ਨਿੱਜੀ ਹੋਵੇਗੀ।

ਨੱਥੀ: ਸੂਚਨਾ ਦੀ ਫੋਟੋ ਸਟੇਟ ਕਾਪੀ।

1/1
ਉਪ ਜਿਲ੍ਹਾ ਸਿੱਖਿਆ ਅਫਸਰ
ਕਮ ਪਬਲਿਕ ਇਨਫਾਰਮੇਸ਼ਨ ਅਫਸਰ,
ਬਠਿੰਡਾ
1/1/24

Scanned with OKEN Scanner

# ਫਾਰਮ-ਏ

(ਵੇਖੋ ਰੂਲ-3)

**ਦਰਖਾਸਤ ਬਾਬਤ ਹਾਸਲ ਕਰਨ ਸੂਚਨਾ ਜੇਰੇ ਰਾਈਟ ਨੂੰ ਇੰਨਫੋਰਮੇਸ਼ਨ ਐਕਟ, 2005**

ਸੇਵਾ ਵਿਖੇ,

ਪਬਲਿਕ ਇਨਫੋਰਮੇਸ਼ਨ ਅਫਸਰ,
ਸਿੱਖਿਆ ਵਿਭਾਗ, ਪੰਜਾਬ ਸਰਕਾਰ
ਜਿਲ੍ਹਾ ਸਿੱਖਿਆ ਅਫਸਰ, ਬਠਿੰਡਾ।

ਵਿਸ਼ਾ: ਸੂਚਨਾ ਅਧਿਕਾਰ 2005 ਐਕਟ ਤਹਿਤ ਸੂਚਨਾ ਹਾਸਲ ਕਰਨ ਬਾਰੇ।

ਸ਼੍ਰੀਮਾਨ ਜੀ,

ਬੇਨਤੀ ਨਿਮਨ ਅਨੁਸਾਰ ਹੈ:

1) ਇਹ ਕਿ ਤੁਹਾਡੇ ਮਹਿਕਮਾ ਸਿੱਖਿਆ ਵਿਭਾਗ ਪੰਜਾਬ ਸਰਕਾਰ ਦੇ ਸਕੂਲਾਂ ਦਾ ਕੋਈ ਵੀ ਮੁਲਾਜਮ, ਮਾਸਟਰ/ ਮਾਸਟਰਨੀ ਅਤੇ ਟੀਚਰ ਵਗੈਰਾ ਆਪਣੇ ਸਰਵਿਸ ਸਰਕਾਰੀ ਨਿਯਮਾਂ ਮੁਤਾਬਿਕ ਤੁਹਾਡੇ ਮਹਿਕਮੇ ਸਿੱਖਿਆ ਵਿਭਾਗ ਪੰਜਾਬ ਸਰਕਾਰ ਤੋਂ ਲਿਖਤੀ ਇਜਾਜਤ ਲੈ ਕੇ ਬਾਹਰਲੇ ਦੇਸ਼-ਵਿਦੇਸ਼, ਕੈਨੇਡਾ ਵਗੈਰਾ ਵਿਖੇ ਕਿਸੇ ਪਰਮਾਨੈਂਟ ਰੈਜੀਡੈਂਸ (ਪੀ.ਆਰ.) ਵਿਅਕਤੀ ਨਾਲ ਆਪਣੀ ਸ਼ਾਦੀ ਕਰਵਾ ਕਿ ਉਸ ਦੇਸ਼ ਦੀ ਪਰਮਾਨੈਂਟ ਰੈਜੀਡੈਂਸੀ (ਪੀ.ਆਰ.) ਪ੍ਰਾਪਤ ਕਰ ਕੇ ਵਾਪਿਸ ਆਪਣੇ ਮੁਲਕ ਵਿੱਚ ਆ ਕੇ ਆਪਣੇ ਤੈਨਾਕੀ ਵਾਲੇ ਸਕੂਲ ਵਿੱਚ ਦੁਆਰਾ ਨੌਕਰੀ ਜੁਆਇਨ ਕਰ ਸਕਦਾ ਹੈ, ਤਾਂ ਦੱਸਿਆ ਜਾਵੇ ਜੀ।

2) ਇਹ ਕਿ ਸਿੱਖਿਆ ਵਿਭਾਗ, ਪੰਜਾਬ ਸਰਕਾਰ ਦੇ ਜੋ ਬਠਿੰਡਾ ਜਿਲ੍ਹੇ, ਸ਼ਹਿਰ ਜਾਂ ਪਿੰਡਾਂ ਵਿੱਚ ਪਰੈਮਰੀ ਸੈਕੰਡਰੀ, ਸੀਨੀਅਰ ਸੈਕੰਡਰੀ ਸਕੂਲ ਹਨ, ਉੱਕਤ ਸਕੂਲਾਂ ਦੇ ਕਿਸੇ ਬਾਹਰਲੇ ......ਦੇਸ਼-ਵਿਦੇਸ਼ ਵੀ ਸਰਕਾਰੀ ਮੁਲਾਜਮ, ਮਾਸਟਰ, ਮਾਸਟਰਨੀ ਵਗੈਰਾ ਵੱਲੋਂ ਬਾਹਰਲੇ ਦੇਸ਼-ਵਿਦੇਸ਼ਾਂ ਕੈਨੇਡਾ ਵਗੈਰਾ ਵਿੱਚ ਰਹਿੰਦੇ ਕਿਸੇ ਪਰਮਾਨੈਂਟ ਰੈਜੀਡੈਸ (ਪੀ.ਆਰ) ਵਿਅਕਤੀ ਨਾਲ ਆਪਣਾ ਵਿਆਹ ਕਰਵਾ ਕਿ ਉਥੇ ਦੀ ਪਰਮਾਨੈਂਟ ਰੈਜੀਡੈਂਸ (ਪੀ.ਆਰ.)

Scanned with OKEN Scanner

ਹਾਸਿਲ ਕਰਕੇ ਸਰਕਾਰੀ ਨਿਯਮਾਂ ਮੁਤਾਬਿਕ ਫਿਰ ਦੁਆਰਾ ਆਪਣੀ ਤੈਨਾਕੀ ਵਾਲੇ ਬਠਿੰਡਾ ਜਿਲ੍ਹੇ ਦੇ ਸਕੂਲ ਵਿੱਚ ਆਪਣੀ ਸਰਕਾਰੀ ਨੌਕਰੀ ਜੁਆਇਨ ਕਰਕੇ ਆਪਣੀ ਨੌਕਰੀ ਦੀਆਂ ਸੇਵਾਵਾਂ ਸਰਕਾਰੀ ਸਕੂਲ ਨੂੰ ਮੌਜੂਦਾ ਸਮੇਂ ਵਿੱਚ ਦੇ ਰਹੇ ਹਨ ਕੀ ਉਸ ਨੂੰ ਇਹ ਹੱਕ ਕਾਨੂੰਨ ਮੁਤਾਬਿਕ ਸਹੀ ਹਾਸਿਲ ਹੈ ਕਿ ਉਹਨਾਂ ਮੁਲਾਜਮ, ਮਾਸਟਰ/ ਮਾਸਟਰਨੀਆਂ ਵਿਅਕਤੀਆਂ ਦੇ ਨਾਮ ਅਤੇ ਮੌਜੂਦਾ ਤੈਨਾਕੀ ਵਾਲੇ ਸਕੂਲਾਂ ਦੇ ਪਤੇ ਬਾਰੇ ਦੱਸਿਆ ਜਾਵੇ।

3) ਇਹ ਵੀ ਦੱਸਿਆ ਜਾਵੇ ਕਿ ਸਿੱਖਿਆਂ ਵਿਭਾਗ, ਪੰਜਾਬ ਸਰਕਾਰ ਦੇ ਬਠਿੰਡੇ ਜਿਲ੍ਹੇ ਦੇ ਪਿੰਡਾਂ ਅਤੇ ਸ਼ਹਿਰਾਂ ਦੇ ਸਕੂਲਾਂ ਵਿੱਚ ਸਰਕਾਰੀ ਮੁਲਾਜਿਮ, ਮਾਸਟਰ/ ਮਾਸਟਰਨੀਆਂ, ਟੀਚਰ ਵਗੈਰਾ ਨੇ ਜੋ ਬਾਹਰਲੇ ਮੁਲਕਾਂ, ਵਿਦੇਸ਼ਾ, ਕਨੇਡਾ ਵਗੈਰਾ ਵਿੱਚ ਪਰਮਾਨੈਂਟ ਰੈਸੀਡੈਂਸ (ਪੀ.ਆਰ.) ਲਈ ਹੋਈ ਹੈ, ਉਹਨਾਂ ਨੇ ਇਸ ਸਬੰਧੀ ਆਪ ਜੀ ਦੇ ਜਿਲ੍ਹਾ ਸਿੱਖਿਆ ਅਫਸਰ, ਬਠਿੰਡਾ ਜਾਂ ਸਕੂਲ ਦੇ ਪ੍ਰਿੰਸੀਪਲ ਜਾਂ ਮੁੱਖ ਦਫਤਰ, ਪੰਜਾਬ ਸਿੱਖਿਆ ਵਿਭਾਗ, ਪੰਜਾਬ ਸਰਕਾਰ ਨੂੰ ਆਪਣੀ ਉੱਕਤ ਮਾਮਲੇ ਬਾਰੇ ਸੂਚਨਾ ਦਿੱਤੀ ਹੋਈ ਹੈ ਉੱਕਤ ਮਾਮਲੇ ਨਾਲ ਸਬੰਧਿਤ ਮੁਲਾਜਮ, ਮਾਸਟਰ/ ਮਾਸਟਰਨੀਆਂ ਅਤੇ ਟੀਚਰ ਵਗੈਰਾ ਦੇ ਨਾਮ ਅਤੇ ਉਹਨਾਂ ਦੇ ਸਕੂਲ ਦੇ ਪਤੇ ਅਤੇ ਤੈਨਾਕੀ ਬਾਰੇ ਦੱਸਿਆ ਜਾਵੇ।

4) ਇਹ ਕਿ ਉੱਕਤ ਦਰਖਾਸਤ ਦੇ ਲਿਖੇ ਲੜੀ ਨੰਬਰ 1 ਤੋਂ 4 ਤੱਕ ਦੇ ਇਹੋ ਜਿਹੇ ਉੱਕਤ ਲਿਖੀ ਦਰਖਾਸਤ ਨਾਲ ਸਬੰਧਤ ਮਾਮਲੇ ਵਗੈਰਾ ਆਪ ਜੀ ਦੇ ਦਫਤਰ ਜਿਲ੍ਹਾ ਸਿੱਖਿਆ ਦਫਤਰ ਨਾਲ ਸਬੰਧਿਤ ਹਨ, ਜਿਹਨਾਂ ਮੁਲਾਜਮਾਂ, ਮਾਸਟਰ/ ਮਾਸਟਰਨੀਆਂ ਨੇ ਸਰਵਿਸ ਅਤੇ ਸਰਕਾਰੀ ਨਿਯਮਾਂ ਦੀ ਉੱਕਤ ਦਰਖਾਸਤ ਦੇ ਲਿਖੇ ਕਲਮ 1 ਤੋਂ 4 ਤੱਕ ਦੇ ਲਿਖੇ ਮਾਮਲੇ ਸਬੰਧੀ ਕਾਨੂੰਨ ਸਰਵਿਸ ਨਿਯਮਾਂ ਦੀ ਅਣਦੇਖੀ ਕੀਤੀ ਗਈ ਹੈ ਸਕੂਲ ਉਹਨਾਂ ਦੀ ਵਿਸਥਾਰ ਸੂਚਨਾ ਸਮੇਤ ਪੰਜਾਬ ਸਰਕਾਰ ਸਰਵਿਸ ਨਿਯਮਾਂ, ਕਾਨੂੰਨ ਦੀਆਂ ਤਸਦੀਕ ਸ਼ੁਦਾ ਕਾਪੀਆਂ ਵਗੈਰਾ ਸੂਚਨਾ ਅਧਿਕਾਰ ਐਕਟ, 2005 ਤਹਿਤ ਮੁਹੱਇਆ ਕਰਵਾਕੇ ਮੇਰੇ ਉੱਕਤ ਲਿਖੇ ਘਰ ਦੇ ਪਤੇ ਪਰ ਭੇਜੀਆਂ ਜਾਣ ਜੀ।

Scanned with OKEN Scanner

ਇਸ ਡਿਟੇਲ ਲਈ ਜੋ ਵੀ ਬਣਦੀ ਫੀਸ ਹੈ ਮੈਂ ਭਰਨ ਲਈ ਤਿਆਰ ਹਾਂ। ਮੈਂ ਇਸ ਦੇ ਨਾਲ 10+10 ਰੁਪਏ ਦੇ ਪੋਸਟਲ ਆਰਡਰ ਅਟੈਚ ਕਰ ਰਿਹਾ ਹਾਂ, ਜੇਕਰ ਫੀਸ ਇਸ ਤੋਂ ਜਿਆਦਾ ਹੋਵੇਗੀ ਤਾਂ ਮੈਂ ਭਰਨ ਲਈ ਤਿਆਰ ਹਾਂ। ਆਪਜੀ ਦੀ ਬਹੁਤ ਮਹਿਰਬਾਨੀ ਹੋਵੇਗੀ।

<u>ਨੱਥੀ ਕੀਤੇ ਦਸਤਾਵੇਜ</u>

1. ਪੋਸਟਲ ਆਰਡਰ ਦਾ ਵੇਰਵਾ:

61 F 744481 & 61 F 744481, ਕੀਮਤ–10+10 ਰੁਪਏ– ਕੁੱਲ 20 ਰੁਪਏ

2. ਕਾਪੀ ਆਧਾਰ ਕਾਰਡ

ਦਰਖਾਸਤ ਕਰਤਾ ਦੇ ਦਸਤਖਤ

Dated: 23/11/2023

Bikram Singh Adv 23/11/2023

ਬਿੱਕਰ ਸਿੰਘ ਆਹਲੂਵਾਲੀਆਂ, ਵਕੀਲ, ਪੁੱਤਰ ਸ਼੍ਰੀ ਸੋਹਨ ਸਿੰਘ, ਚੈਂਬਰ ਨੰ: 618, ਪਹਿਲੀ ਮੰਜਿਲ, ਬੀ-ਬਲਾਕ, ਜਿਲ੍ਹਾ ਕਚਹਿਰੀ, ਬਠਿੰਡਾ (151001)। ਮੋ: ਨੰ: 98760-47729, 98033-36855

Scanned with OKEN Scanner